**ਆਕਾਸ਼ਵਾਣੀ ਜਲੰਧਰ**

**ਪ੍ਰਦੇਸ਼ਿਕ ਖਬਰਾਂ ਪੰਜਾਬੀ**

**18:20 Pm**

**ਮਿਤੀ: 22-08-2024**

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਏ, ਕਿ ਇਹ ਯੁੱਧ ਦਾ ਯੁੱਗ ਨਹੀਂ ਏ ਅਤੇ ਭਾਰਤ ਵਿਵਾਦਾਂ ਨੂੰ ਸੁਲਝਾਉਣ ਲਈ, ਗੱਲਬਾਤ ਤੇ ਕੂਟਨੀਤੀ ਵਿੱਚ ਭਰੋਸਾ ਰੱਖਦਾ ਏ।
- ਦੇਸ਼ ਭਰ ਵਿੱਚ ਭਲਕੇ 23 ਅਗਸਤ ਨੂੰ , ਪਹਿਲਾ 'ਕੌਮੀ ਪੁਲਾੜ ਦਿਵਸ' ਮਨਾਇਆ ਜਾਵੇਗਾ।
- ਪੰਜਾਬ ਦੇ ਸਾਈਬਰ ਕ੍ਰਾਈਮ ਡਵੀਜ਼ਨ ਨੇ, ਆਮ ਲੋਕਾਂ ਨੂੰ ਆਨਲਾਈਨ ਸੇਵਾਵਾਂ ਦੀ ਵਰਤੋਂ ਕਰਦੇ ਸਮੇਂ, ਪੂਰੀ ਸਾਵਧਾਨੀ ਵਰਤਣ ਦੀ ਅਪੀਲ ਕੀਤੀ ਏ।

---

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਅੱਜ ਵਾਰਸਾ ਵਿੱਚ ਚਾਂਸਲੇਰੀ ਵਿੱਚ ਰਸਮੀ ਸਵਾਗਤ ਕੀਤਾ ਗਿਆ। ਇਸ ਮੌਕੇ ਪੋਲੈਂਡ ਦੇ ਪ੍ਰਧਾਨ ਮੰਤਰੀ ਡੋਨਾਲਡ ਟਸਕ ਵੀ ਮੌਜੂਦ ਸਨ। ਬੀਤੀ ਰਾਤ ਵਾਰਸਾ ਵਿੱਚ, ਭਾਰਤੀ ਪ੍ਰਵਾਸੀਆਂ ਨੂੰ ਸੰਬੋਧਨ ਕਰਦਿਆਂ, ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ

ਦੀ ਦੂਜੇ ਮੁਲਕਾਂ ਤੋਂ ਦੂਰੀ ਬਣਾਈ ਰੱਖਣ ਦੀ ਨੀਤੀ ਸੀ, ਪਰ ਅੱਜ ਦੇ ਭਾਰਤ ਦੀ ਨੀਤੀ ਸਾਰੇ ਦੇਸ਼ਾਂ ਦੇ ਨੇੜੇ ਰਹਿਣ ਦੀ ਏ। ਉਨਾਂ ਕਿਹਾ ਕਿ ਭਾਰਤ ਦਾ ਰੁਖ ਸਪੱਸ਼ਟ ਏ, ਕਿ ਇਹ ਯੁੱਧ ਦਾ ਯੁੱਗ ਨਹੀਂ ਏ ਅਤੇ ਭਾਰਤ ਵਿਵਾਦਾਂ ਨੂੰ ਸੁਲਝਾਉਣ ਲਈ, ਗੱਲਬਾਤ ਤੇ ਕੂਟਨੀਤੀ ਵਿੱਚ ਭਰੋਸਾ ਰੱਖਦਾ ਏ।

-----------------------------------------------------

ਇਸ ਦੌਰਾਨ ਭਾਰਤ ਨੇ ਕਿਹਾ ਏ, ਕਿ ਅੱਤਵਾਦ ਸ਼ਾਂਤੀ ਵਿਕਾਸ ਲਈ ਇੱਕ ਆਲਮੀ ਖਤਰਾ ਏ, ਅਤੇ ਇੱਕ ਵਿਆਪਕ ਕੌਮਾਂਤਰੀ ਅੱਤਵਾਦ ਵਿਰੋਧੀ ਸੰਮੇਲਨ ਦੀ ਮੰਗ ਕੀਤੀ। ਭਾਰਤ ਦੇ ਸੰਯੁਕਤ ਰਾਸ਼ਟਰ ਮਿਸ਼ਨ ਦੇ ਚਾਰਜ ਡੀ. ਅਫੇਅਰਜ਼, ਆਰ. ਰਵਿੰਦਰਾ, ਜਿਹੜੇ ਕੌਂਸਲ ਦੇ ਪ੍ਰਧਾਨ ਸੀਏਰਾ ਲਿਓਨ ਵਲੋਂ ਬੁਲਾਈ ਗਈ ਸ਼ਾਂਤੀ ਨਿਰਮਾਣ ਤੇ ਸਥਿਰ ਸ਼ਾਂਤੀ ਬਾਰੇ ਉੱਚ-ਪੱਧਰੀ ਖੁੱਲੀ ਬਹਿਸ ਵਿੱਚ ਬੋਲ ਰਹੇ ਸਨ, ਨੇ ਕਿਹਾ ਕਿ ਸ਼ਾਂਤੀ-ਨਿਰਮਾਣ ਲਈ ਵਿਕਾਸ ਦੀ ਮਹੱਤਤਾ ਨੂੰ ਦੇਖਦੇ ਹੋਏ, ਭਾਰਤ ਦੀ ਗਲੋਬਲ ਸਾਊਥ ਦੇ ਦੇਸ਼ਾਂ ਨਾਲ ਵਿਆਪਕ ਵਿਕਾਸ ਸਾਂਝੇਦਾਰੀ ਏ ਅਤੇ ਇਸਦੇ ਵਿਕਾਸ ਪ੍ਰੋਜੈਕਟਾਂ ਦਾ ਸੰਚਤ ਮੁੱਲ ਹੁਣ 40 ਬਿਲੀਅਨ ਡਾਲਰ ਤੋਂ ਵੱਧ ਏ।

---

ਦੇਸ਼ ਭਰ ਵਿੱਚ ਭਲਕੇ 23 ਅਗਸਤ ਨੂੰ, ਪਹਿਲਾ 'ਕੌਮੀ ਪੁਲਾੜ ਦਿਵਸ' ਮਨਾਇਆ ਜਾਵੇਗਾ । ਇਸ ਸਾਲ ਦਾ ਵਿਸ਼ਾ ''ਚੰਦਰਮਾ ਨੂੰ ਛੂਹੰਦੇ ਹੋਏ ਜੀਵਨ ਨੂੰ ਛੋਹਣਾ-ਭਾਰਤ ਦੀ ਪੁਲਾੜ ਗਾਥਾ'' ਰੱਖਿਆ ਗਿਆ ਏ। ਨਵੀਂ ਦਿੱਲੀ ਸਥਿਤ ਭਾਰਤ ਮੰਡਪਮ ਵਿਖੇ ਕਰਵਾਏ ਜਾ ਰਹੇ ਮੁਖ ਸਮਾਗਮ ਦਾ ਉਦਘਾਟਨ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਕਰਨਗੇ। ਦੇਸ਼ ਦੇ ਵੱਖ ਸੂਬਿਆਂ ਵਿਚ ਵੀ ਕਈ ਸਮਾਗਮ ਕਰਵਾਏ ਜਾਣਗੇ। ਜ਼ਿਕਰਯੋਗ ਏ, ਕਿ ਪਿਛਲੇ ਸਾਲ ਇਸ ਦਿਨ ਹੀ ਚੰਦਰਯਾਨ- 3 ਮਿਸ਼ਨ ਦੌਰਾਨ, ਵਿਕਰਮ ਲੈਂਡਰ ਦੀ ਚੰਦਰਮਾ ਦੀ ਸਤ੍ਹਾ 'ਤੇ ਸੁਰੱਖਿਅਤ ਤੇ ਸਾਫਟ ਲੈਂਡਿੰਗ ਹੋਈ ਸੀ । ਇਸ ਨਾਲ ਭਾਰਤ ਚੰਦਰਮਾ 'ਤੇ ਉਤਰਨ ਵਾਲਾ ਚੌਥਾ ਅਤੇ ਚੰਦਰਮਾ ਦੇ ਦੱਖਣੀ ਧਰੁਵੀ ਖੇਤਰ ਦੇ ਨੇੜੇ ਉਤਰਨ ਵਾਲਾ ਪਹਿਲਾ ਦੇਸ਼ ਬਣ ਗਿਆ ਸੀ।

---

ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ, ਅੱਜ ਨਵੀਂ ਦਿੱਲੀ ਵਿਚ ਰਾਸ਼ਟਰਪਤੀ ਭਵਨ ਵਿਖੇ, ਪ੍ਰਸਿੱਧ ਤੇ ਉੱਘੇ ਵਿਗਿਆਨੀਆਂ ਨੂੰ ਕੌਮੀ ਵਿਗਿਆਨ ਪੁਰਸਕਾਰ 2024 ਪ੍ਰਦਾਨ ਕੀਤੇ । ਪ੍ਰੋਫੈਸਰ ਗੋਵਿੰਦਰਾਜਨ ਪਦਮ-ਨਾਭਨ ਨੂੰ ਰਾਸ਼ਟਰਪਤੀ ਨੇ, ਵਿਗਿਆਨ ਰਤਨ 2024 ਪੁਰਸਕਾਰ

ਨਾਲ ਨਵਾਜਿਆ, ਜਦਕਿ ਡਾ: ਅੰਧਰਾਮ ਕ੍ਰਿਸ਼ਨਨ ਨੂੰ ਖੇਤੀਬਾੜੀ ਵਿਗਿਆਨ ਦੇ ਖੇਤਰ ਵਿੱਚ, ਵਿਗਿਆਨ ਸ਼੍ਰੀ ਪੁਰਸਕਾਰ ਪ੍ਰਦਾਨ ਕੀਤਾ ਗਿਆ।

-----------------------------------------------------

ਭਾਰਤੀ ਜਨਤਾ ਪਾਰਟੀ ਦੀ ਕੇਂਦਰੀ ਕਮੇਟੀ ਮੈਂਬਰ ਅਮਨਜੋਤ ਕੌਰ ਰਾਮੂਵਾਲੀਆ ਨੇ ਕਿਹਾ ਏ, ਕਿ ਕੋਲਕਾਤਾ ਵਿੱਚ ਹੋਈ ਘਟਨਾ ਹੈਵਾਨੀਅਤ ਦੀ ਇੱਕ ਮਿਸਾਲ ਏ, ਅਤੇ ਅਜਿਹਾ ਕੁਝ ਪੰਜਾਬ 'ਚ ਨਾ ਵਾਪਰੇ ਇਸ ਲਈ ਸੂਬਾ ਸਰਕਾਰ ਨੂੰ ਤੁਰੰਤ ਕਦਮ ਚੁੱਕਣੇ ਚਾਹੀਦੇ ਨੇ। ਮੋਹਾਲੀ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ, ਉਨ੍ਹਾਂ ਕਿਹਾ ਬੇਸ਼ੱਕ ਇੱਥੇ 181 ਨੰਬਰ ਦੀ ਸਹੂਲਤ ਦਿੱਤੀ ਗਈ ਏ, ਪਰ ਉਹ ਘਰੇਲੂ ਲੜਾਈ ਝਗੜਿਆਂ ਲਈ ਏ। ਉਨਾਂ ਕਿਹਾ ਕਿ ਸੂਬਾ ਸਰਕਾਰ ਨੇ ਜਿਵੇਂ ਸੜਕ ਹਾਦਸਿਆਂ ਲਈ ਐਸ.ਐਸ.ਐਫ. ਫੋਰਸ ਦਾ ਗਠਨ ਕਰਕੇ ਉਹਨਾਂ ਨੂੰ ਗੱਡੀਆਂ ਦੇ ਕੇ ਤੈਨਾਤ ਕੀਤਾ ਏ, ਇਸੇ ਤਰ੍ਹਾਂ ਔਰਤਾਂ ਨਾਲ ਕੋਈ ਜਿਣਸੀ ਸ਼ੋਸ਼ਣ ਰੋਕਣ ਲਈ ਔਰਤ ਸੁਰੱਖਿਆ ਬਲ ਦਾ ਗਠਨ ਕੀਤਾ ਜਾਵੇ ਜਿਸ ਵਿੱਚ ਆਧੁਨਿਕ ਹਥਿਆਰਾਂ ਨਾਲ ਲੈਸ ਘੱਟੋ ਘੱਟ 2

ਮਹਿਲਾ ਪੁਲਿਸ ਮੁਲਾਜਮ ਸ਼ਾਮਿਲ ਹੋਣ ਅਤੇ ਹਰ ਇਕ ਜ਼ਿਲ੍ਹੇ ਵਿੱਚ ਇਹ ਯੂਨਿਟ ਤੈਨਾਤ ਕੀਤੇ ਜਾਣ।

---------------------------------------------------------------

ਹੁਸ਼ਿਆਰਪੁਰ ਜ਼ਿਲੇ ਦੇ ਡਿਪਟੀ ਕਮਿਸ਼ਨਰ, ਕੋਮਲ ਮਿੱਤਲ ਦੀ ਪ੍ਰਧਾਨਗੀ ਵਿਚ ਅੱਜ ਹੋਈ ਇਕ ਮੀਟਿੰਗ ਵਿਚ 'ਬੇਟੀ ਬਚਾਓ-ਬੇਟੀ ਪੜ੍ਹਾਓ' ਯੋਜਨਾ ਦੀ ਸਮੀਖਿਆ ਕੀਤੀ ਗਈ। ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੇ, ਇਸ ਵਿਚ ਸ਼ਮੂਲੀਅਤ ਕੀਤੀ । ਇਸ ਯੋਜਨਾ ਦੀ ਪ੍ਰਗਤੀ 'ਤੇ ਤਸੱਲੀ ਪ੍ਰਗਟ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਈ ਅਹਿਮ ਫ਼ੈਸਲੇ ਲਏ । ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ 10 ਬਲਾਕਾਂ ਵਿਚ ਨਵਜੰਮੀਆਂ ਬੱਚੀਆਂ ਦੇ ਨਾਂ ’ਤੇ ਬੂਟੇ ਲਗਾਏ ਜਾਣਗੇ ਅਤੇ ਇਹ ਪਹਿਲ ਵਾਤਾਵਰਨ ਸੁਰੱਖਿਆ ਦੇ ਨਾਲ - ਨਾਲ ਨਵਜੰਮੀਆਂ ਬੱਚੀਆਂ ਦੇ ਮਾਣ - ਸਨਮਾਨ ਨੂੰ ਉਤਸ਼ਾਹਿਤ ਕਰਨ ਦੀ ਪ੍ਰਤੀਕ ਵੀ ਹੋਵੇਗੀ। ਕੋਮਲ ਮਿੱਤਲ ਨੇ ਕਿਹਾ ਕਿ ਇਸ ਤੋਂ ਇਲਾਵਾ ਜ਼ਿਲ੍ਹੇ ਵਿਚ ਕੁੜੀਆਂ ਤੇ ਔਰਤਾਂ ਲਈ ਕਈ ਨਵੀਆਂ ਸਕੀਮਾਂ ਸ਼ੁਰੂ ਕੀਤੀਆਂ ਜਾਣਗੀਆਂ ਅਤੇ ਇਨ੍ਹਾਂ ਵਿਚ ਮੁਫ਼ਤ ਡਰਾਈਵਿੰਗ ਸਿਖਲਾਈ ਤੇ ਮੁਫ਼ਤ ਕੋਚਿੰਗ ਕਲਾਸਾਂ ਸ਼ਾਮਲ ਨੇ । ਉਨ੍ਹਾਂ ਦੱਸਿਆ ਕਿ ਇਨ੍ਹਾਂ ਪ੍ਰੋਗਰਾਮਾਂ ਦਾ ਉਦੇਸ਼ ਕੁੜੀਆਂ ਤੇ ਔਰਤਾਂ ਨੂੰ

ਆਤਮ ਨਿਰਭਰ ਬਣਾਉਣਾ ਅਤੇ ਉਨ੍ਹਾਂ ਨੂੰ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਲਈ ਜਰੂਰੀ ਹੁਨਰ ਪ੍ਰਦਾਨ ਕਰਨਾ ਏ।

--------------------------------------------------------

ਪੰਜਾਬ ਦੇ ਸਾਈਬਰ ਕ੍ਰਾਈਮ ਡਵੀਜ਼ਨ ਵੱਲੋਂ, ਦੂਜੇ ਸੂਬਿਆਂ ਦੇ ਸਾਈਬਰ ਅਪਰਾਧੀਆਂ ਨੂੰ ਫੜਨ ਲਈ, ਪੁਖ਼ਤਾ ਯਤਨ ਕੀਤੇ ਜਾ ਰਹੇ ਨੇ। ਪਿਛਲੇ ਦੋ ਮਹੀਨਿਆਂ ਦੌਰਾਨ, ਸੂਬੇ ਦੇ ਸਾਰੇ 28 ਪੁਲਿਸ ਜ਼ਿਲਿਆਂ ਦੇ ਸਾਈਬਰ ਕ੍ਰਾਈਮ ਥਾਣਿਆਂ ਵਿੱਚ, ਕਰੀਬ 100 ਮਾਮਲੇ ਦਰਜ ਕੀਤੇ ਗਏ ਨੇ। ਇਨ੍ਹਾਂ ਮਾਮਲਿਆਂ ਵਿੱਚ ਸਾਈਬਰ ਧੋਖਾਧੜੀ ਦੇ ਸ਼ਿਕਾਰ ਵਿਅਕਤੀਆਂ ਦੀ, 23 ਕਰੋੜ 46 ਲੱਖ ਰੁਪਏ ਦੀ ਰਕਮ ਸ਼ੱਕੀ ਵਿਅਕਤੀਆਂ ਦੇ ਖਾਤਿਆਂ ਵਿੱਚ ਫਰੀਜ਼ ਕੀਤੀ ਗਈ ਏ। ਸਾਈਬਰ ਕ੍ਰਾਈਮ ਡਵੀਜ਼ਨ ਨੇ ਲੋਕਾਂ ਨੂੰ ਆਨਲਾਈਨ ਸੇਵਾਵਾਂ ਦੀ ਵਰਤੋਂ ਕਰਦੇ ਸਮੇਂ ਪੂਰੀ ਸਾਵਧਾਨੀ ਵਰਤਣ ਦੀ ਅਪੀਲ ਕੀਤੀ ਏ।

--------------------------------------------------------

ਏਸ ਦੌਰਾਨ ਅੰਮ੍ਰਿਤਸਰ ਦਿਹਾਤੀ ਪੁਲੀਸ ਨੇ, ਨਸ਼ਾ ਤਸਕਰਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰਦਿਆਂ, ਦੋ ਨਸ਼ਾ ਤਸਕਰਾਂ ਦੀਆਂ ਕਰੀਬ 37 ਕਰੋੜ 72 ਲੱਖ ਰੁਪਏ ਦੀਆਂ ਜਾਇਦਾਦਾਂ ਸੀਲ ਕਰ ਦਿੱਤੀਆਂ ਨੇ।

ਮੁਲਜ਼ਮਾਂ ਨੂੰ 500 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਗਿਆ, ਜਿਸ ਤੋਂ ਬਾਅਦ ਮੁਲਜ਼ਮਾਂ ਦੀ ਨਾਮੀ ਅਤੇ ਬੇਨਾਮੀ ਜਾਇਦਾਦ ਖ਼ਿਲਾਫ਼ ਕਾਰਵਾਈ ਕੀਤੀ ਗਈ । ਐਸ. ਐਸ. ਪੀ. ਚਰਨਜੀਤ ਸਿੰਘ ਦੀਆਂ ਹਦਾਇਤਾਂ ’ਤੇ ਪੁਲੀਸ ਨੇ ਜਤਿਨ ਸਿੰਘ ਤੇ ਅਜੈਪਾਲ ਸਿੰਘ ਨੂੰ 500 ਗ੍ਰਾਮ ਹੈਰੋਇਨ ਅਤੇ ਇੱਕ ਨਜਾਇਜ਼ 32 ਬੋਰ ਦੇ ਪਿਸਤੌਲ ਸਮੇਤ ਗ੍ਰਿਫ਼ਤਾਰ ਕੀਤਾ ਏ ।

---------------------------------------------------------

78ਵੇਂ ਆਜ਼ਾਦੀ  ਦਿਵਸ ਤੇ ਜਲੰਧਰ ਵਿਚ ਹੋਏ ਰਾਜ ਪੱਧਰੀ ਸਮਾਗਮ ਦੌਰਾਨ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਸਲਾਮੀ ਦੇਣ ਵਾਲੇ, ਐੱਨ. ਸੀ. ਸੀ. ਕੈਡਿਟਾਂ ਦੀ ਟੁਕੜੀ ਨੂੰ, ਟੂ ਪੰਜਾਬ ਐੱਨ ਸੀ ਸੀ ਬਟਾਲੀਅਨ ਹੈੱਡ-ਕੁਆਰਟਰ ਵਿਖੇ ਅੱਜ ਸਨਮਾਨਿਤ ਕੀਤਾ ਗਿਆ । ਵੱਖ-ਵੱਖ ਕਾਲਜਾਂ ਅਤੇ ਸਕੂਲਾਂ ਤੋਂ ਚੁਣੇ ਗਏ 35 ਕੈਡਿਟਾਂ ਨੂੰ ਕਮਾਂਡਿੰਗ ਅਫ਼ਸਰ ਕਰਨਲ ਵਿਨੋਦ ਜੋਸ਼ੀ ਨੇ, ਐੱਨ ਸੀ ਸੀ ਟਰੈਕ ਸੂਟ ਅਤੇ ਪ੍ਰਸ਼ੰਸਾ ਪੱਤਰ ਪ੍ਰਦਾਨ ਕੀਤੇ । ਉਨਾਂ ਕਿਹਾ ਕਿ ਹਰ ਸਾਲ ਆਜ਼ਾਦੀ  ਦਿਵਸ ਤੇ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿੱਚ ਐੱਨ ਸੀ ਸੀ ਦੇ ਮੁੰਡਿਆਂ ਤੇ ਕੁੜੀਆਂ ਦੀਆਂ, ਦੋ ਟੁਕੜੀਆਂ ਹਿੱਸਾ ਲੈਂਦੀਆਂ ਨੇ ਅਤੇ ਸਲਾਮੀ ਦਸਤਾ ਸਿਰਫ਼ ਦਸ ਦਿਨਾਂ ਵਿੱਚ ਸਖ਼ਤ ਮਿਹਨਤ ਨਾਲ ਤਿਆਰ ਕੀਤਾ ਜਾਂਦਾ ਏ ।

ਬਟਾਲੀਅਨ ਦੀ ਡਰਿੱਲ ਟੁਕੜੀ ਦੇ ਪਰੇਡ ਕਮਾਂਡਰ ਰਹੇ ਅੰਡਰ ਅਫਸਰ ਪ੍ਰਿੰਸ ਨੇ ਦੱਸਿਆ। ਬ੍ਰਿਗੇਡੀਅਰ ਅਜੇ ਤਿਵਾੜੀ, ਗਰੁੱਪ ਕਮਾਂਡਰ ਐਨ ਸੀ ਸੀ ਜਲੰਧਰ ਗਰੁੱਪ ਅਤੇ ਕਰਨਲ M.S ਸਚਦੇਵ, ਕਮਾਂਡਿੰਗ ਅਫਸਰ, ਟੂ ਗਰਲਜ਼ ਐਨ ਸੀ ਸੀ ਬਟਾਲੀਅਨ ਵੀ ਹਾਜ਼ਰ ਰਹੇ।